4 ਅਕਤੂਬਰ, 2023

ਪਿਆਰੇ Costa Berry ਕਰਮਚਾਰੀ

## Costa (ਬੇਰੀ ਸ਼੍ਰੇਣੀ) ਐਂਟਰਪ੍ਰਾਈਜ਼ ਇਕਰਾਰਨਾਮਾ 2023-2027

ਜਿਵੇਂ ਕਿ ਤੁਸੀਂ ਜਾਣਦੇ ਹੋ, ਕੋਸਟਾ ਇੱਕ ਪ੍ਰਸਤਾਵਿਤ ਨਵੇਂ ਕੋਸਟਾ (ਬੇਰੀ ਸ਼੍ਰੇਣੀ) ਐਂਟਰਪ੍ਰਾਈਜ਼ ਇਕਰਾਰਨਾਮਾ 2023-2027 (**ਇਕਰਾਰਨਾਮਾ**) ਲਈ ਸੌਦੇਬਾਜ਼ੀ ਕਰ ਰਹੇ ਹਨ।

ਸੌਦੇਬਾਜ਼ੀ ਕਰਨ ਵਾਲੇ ਨੁਮਾਇੰਦਿਆਂ ਦੀਆਂ ਸੌਦੇਬਾਜ਼ੀ ਲਈ ਹੁਣ ਤਕ 5 ਮੀਟਿੰਗਾਂ ਹੋ ਚੁੱਕੀਆਂ ਹਨ। ਪਾਰਟੀਆਂ ਕੁਝ ਮਾਮਲਿਆਂ ਵਿੱਚ ਸਹਿਮਤ ਹੋ ਗਈਆਂ ਹਨ ਪਰ ਬਾਕੀਆਂ ਉਤੇ ਹਾਲੇ ਸਹਿਮਤ ਹੋਣ ਵਿੱਚ ਅਸਮਰੱਥ ਹਨ। ਉਦਾਂ ਵੀ, ਪਾਰਟੀਆਂ ਸੌਦੇਬਾਜ਼ੀ ਵਿੱਚ ਇੱਕ ਰੁਕਾਵਟ ਤੇ ਆ ਕੇ ਖੜੀ ਹੋ ਗਈਆਂ ਹਨ, ਅਤੇ ਅਸੀਂ ਸਮਝਦੇ ਹਾਂ ਕਿ ਹੁਣ ਵੋਟ ਕਰਾਣ ਲਈ ਅੱਗੇ ਵਧਣ ਅਤੇ ਕਰਮਚਾਰੀਆਂ ਨੂੰ ਆਪਣੀ ਗੱਲ ਕਹਿਣ ਦੇਣ ਦਾ ਸਹੀ ਸਮਾਂ ਹੈ।

ਅਸੀਂ ਹੁਣ ਇਕਰਾਰਨਾਮੇ ਦੇ ਉਤੇ ਵੋਟ ਪਾਉਣ ਲਈ ਅਗਲੇ ਕਦਮ ਚੁੱਕਣ ਲਈ ਤਿਆਰ ਹਾਂ। ਇਸ ਪੱਤਰ ਦਾ ਉਦੇਸ਼ ਉਨ੍ਹਾਂ ਕਦਮਾਂ ਦੀ ਰੂਪਰੇਖਾ ਦੇਣਾ ਹੈ ਜਿਹੜੇ ਵੋਟਿੰਗ ਅਤੇ ਪ੍ਰਵਾਨਗੀ ਪ੍ਰਕਿਰਿਆ ਦੇ ਸਬੰਧ ਵਿੱਚ ਚੁੱਕੇ ਜਾਣਗੇ।

ਉਹ ਕਰਮਚਾਰੀ ਜਿਹੜੇ ਇਕਰਾਰਨਾਮੇ ਤੇ ਵੋਟ ਪਾਉਣ ਦੇ ਯੋਗ ਹੋਣਗੇ, ਉਹ ਹਨ:

(a) CostaExchange Pty Ltd ਦੇ ਕਰਮਚਾਰੀ, Costa (ਬੇਰੀ ਸ਼੍ਰੇਣੀ) ਵਜੋਂ ਵਪਾਰ ਕਰਦੇ ਹਨ; ਅਤੇ
(b) ਇਕਰਾਰਨਾਮੇ ਦੇ ਅਨੁਸੂਚੀ A ਵਿੱਚ ਦਰਜ ਕੀਤੇ ਗਏ ਵਰਗੀਕਰਨ ਵਿੱਚ ਕੰਮ ਕਰਦੇ ਹਨ।

ਆਮ ਕਰਮਚਾਰੀ ਵੋਟ ਪਾਉਣ ਦੇ ਯੋਗ ਹਨ, ਹਾਲਾਂਕਿ, ਸਿਰਫ ਉਹ ਆਮ ਕਰਮਚਾਰੀ ਹੀ ਯੋਗ ਹੋਣਗੇ ਜੋ ਵੋਟ ਦੇ ਸਮੇਂ ਕੰਮ ਤੇ ਲਗੇ ਹੋਣਗੇ।

ਜੇਕਰ ਵੋਟ ਪਾਉਣ ਲਈ ਤੁਹਾਡੀ ਯੋਗਤਾ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਰਾਹ ਵਿੱਲਡਰ ਨਾਲ ਸੰਪਰਕ ਕਰੋ, ਇਥੇ CostaBerryEA@costagroup.com.au

### 1. ਇਕਰਾਰਨਾਮੇ ਦੀ ਕਾਪੀ

ਇਕਰਾਰਨਾਮੇ ਦੀ ਇੱਕ ਕਾਪੀ **ਤੁਹਾਡੀ ਸਮੀਖਿਆ ਲਈ ਅਗੇ ਦਿੱਤੇ ਲਿੰਕ ਰਾਹੀਂ Costa Berries EA ਦੇ ਵੈਬਪੇਜ ਉਤੇ ਉਪਲਬਧ ਹੈ** Link. ਕਿਰਪਾ ਕਰਕੇ HR ਜਾਂ ਆਪਣੇ ਮੈਨੇਜਰ ਨਾਲ ਸੰਪਰਕ ਕਰੋ ਜੇਕਰ ਤੁਸੀਂ ਟਰੈਕ ਕੀਤੀਆਂ ਤਬਦੀਲੀਆਂ ਦੇ ਨਾਲ ਇਕਰਾਰਨਾਮੇ ਦੀ ਇੱਕ ਕਾਪੀ ਨੂੰ ਵੇਖਣਾ ਚਾਹੁੰਦੇ ਹੋ।

ਤੁਸੀਂ ਇਕਰਾਰਨਾਮੇ ਦੀ ਇੱਕ ਕਾਪੀ ਤੱਕ ਇਥੋਂ ਵੀ ਪਹੁੰਚ ਪ੍ਰਾਪਤ ਕਰ ਸਕਦੇ ਹੋ:

a) ਇਸ ਲਿੰਕ ਰਾਹੀਂ ਉਪਲਬਧ ਸੰਖੇਪ ਪੋਸਟਰ ਤੇ ਵਿੱਚ ਦਿੱਤੇ QR ਕੋਡ ਰਾਹੀਂ; Link
b) ਲੰਚ ਰੂਮ ਵਿੱਚ (ਜਿੱਥੇ ਵਿਹਾਰਕ ਹੋਵੇ); ਅਤੇ
c) HR ਨਾਲ ਸੰਪਰਕ ਕਰਕੇ।

ਇਕਰਾਰਨਾਮੇ ਵਿੱਚ ਦਰਸਾਏ ਗਏ ਕਾਨੂੰਨ ਦੇ ਲਿੰਕ ਵੀ ਅੱਗੇ ਇਸ ਪੱਤਰ ਵਿੱਚ ਦਿੱਤੇ ਗਏ ਹਨ।

ਜੇ ਤੁਹਾਨੂੰ ਕੋਈ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਸੁਪਰਵਾਈਜ਼ਰ ਜਾਂ HR ਨਾਲ ਸੰਪਰਕ ਕਰੋ।

## 2. ਜਾਣਕਾਰੀ ਦੇ ਸੈਸ਼ਨ

Costa ਇਕਰਾਰਨਾਮੇ ਦੇ ਉਤੇ ਜਾਣਕਾਰੀ ਦੇ ਸੈਸ਼ਨਾਂ ਦਾ ਆਯੋਜਨ ਕਰੇਗਾ। ਇਹਨਾਂ ਸੈਸ਼ਨਾਂ ਦਾ ਉਦੇਸ਼ ਇਕਰਾਰਨਾਮੇ ਦੀਆਂ ਸ਼ਰਤਾਂ ਅਤੇ ਉਹਨਾਂ ਵਿੱਚ ਕੀਤੀਆਂ ਤਬਦੀਲੀਆਂ ਦੀ ਵਿਆਖਿਆ ਕਰਨਾ ਅਤੇ ਤੁਹਾਨੂੰ ਸਵਾਲ ਪੁੱਛਣ ਦਾ ਮੌਕਾ ਪ੍ਰਦਾਨ ਕਰਨਾ ਹੈ। ਅਸੀਂ ਸਾਰੇ ਕਰਮਚਾਰੀਆਂ ਨੂੰ ਇੱਕ ਵਾਰੀ ਪੁਸ਼ਟੀ ਹੋ ਜਾਣ ਤੇ ਅਗਲੀ ਕਿਸੀ ਤਾਰੀਖ਼ ਨੂੰ ਇਹਨਾਂ ਸੈਸ਼ਨਾਂ ਦੇ ਸਮੇਂ ਬਾਰੇ ਸੂਚਿਤ ਕਰਾਂਗੇ।

ਜੇ ਤੁਹਾਡੀ ਕੋਈ ਵਿਸ਼ੇਸ਼ ਸਿੱਖਣ ਅਤੇ/ਜਾਂ ਸਾਖਰਤਾ ਦੀ ਲੋੜਾਂ ਹਨ, ਹੋਰ ਸਹਾਇਤਾ ਦੀ ਲੋੜ ਹੈ, ਜਾਂ ਕਿਸੇ ਅਜਿਹੇ ਵਿਅਕਤੀ ਬਾਰੇ ਪਤਾ ਹੈ ਜਿਸ ਨੂੰ ਅਜਿਹੀ ਸਹਾਇਤਾ ਦੀ ਲੋੜ ਹੋ ਸਕਦੀ ਹੈ ਤਾਂ ਤੁਸੀਂ HR ਜਾਂ ਆਪਣੇ ਯੂਨੀਅਨ ਦੇ ਪ੍ਰਤੀਨਿਧੀ (ਜੇ ਕੋਈ ਹੈ) ਨਾਲ ਸੰਪਰਕ ਕਰ ਸਕਦੇ ਹੋ। HR ਕਿਸੀ ਵੀ ਵਾਧੂ ਸਹਾਇਤਾ ਦਾ ਪ੍ਰਬੰਧ ਕਰੇਗਾ ਜੋ ਬੇਨਤੀ ਦੇ ਅਧਾਰ ਤੇ ਲੋੜੀਂਦੀ ਹੈ।

ਜੇ ਤੁਸੀਂ ਇਹਨਾਂ ਸੈਸ਼ਨਾਂ ਵਿੱਚੋਂ ਕਿਸੇ ਇੱਕ ਸੈਸ਼ਨ ਵਿੱਚ ਸ਼ਾਮਲ ਨਹੀਂ ਹੋ ਪਾਂਦੇ ਹੋ ਜਾਂ ਜੇ ਇਕਰਾਰਨਾਮੇ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਤੁਸੀਂ HR ਨਾਲ ਵੀ ਸੰਪਰਕ ਕਰ ਸਕਦੇ ਹੋ।

## 3. ਤਬਦੀਲੀਆਂ ਬਾਰੇ ਵਿਆਖਿਆ

ਇਕਰਾਰਨਾਮੇ ਦੀਆਂ ਸ਼ਰਤਾਂ ਅਤੇ ਮੌਜੂਦਾ ਨਿਯਮਾਂ ਅਤੇ ਸ਼ਰਤਾਂ ਵਿੱਚ ਇਸ ਦੁਆਰਾ ਕੀਤੇ ਜਾਣ ਵਾਲੇ ਤਬਦੀਲੀਆਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਅਸੀਂ **ਹੇਠਾਂ ਦਿੱਤੇ ਦਸਤਾਵੇਜ਼ਾਂ ਲਈ ਇੱਕ ਲਿੰਕ ਪ੍ਰਦਾਨ ਕੀਤਾ ਹੈ**:

a) ਤੁਲਨਾ ਦਾ ਦਸਤਾਵੇਜ਼ ਜੋ ਮੌਜੂਦਾ ਐਂਟਰਪ੍ਰਾਈਜ਼ ਇਕਰਾਰਨਾਮੇ ਅਤੇ ਬਾਗਬਾਨੀ ਅਵਾਰਡ 2020 (**ਅਵਾਰਡ**) ਦੀ ਤੁਲਨਾ ਵਿੱਚ ਇਕਰਾਰਨਾਮੇ ਵਿੱਚ ਮੁੱਖ ਨਿਯਮਾਂ ਅਤੇ ਸ਼ਰਤਾਂ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਉਹ ਅਵਾਰਡ ਹੈ ਜੋ ਤੁਹਾਡੇ ਰੁਜ਼ਗਾਰ ਨੂੰ ਕਵਰ ਕਰਦਾ ਹੈ ਅਤੇ ਇਹ ਹੈ ਜਿਸ ਦੀ ਤੁਲਨਾ ਵਿੱਚ ਫੇਅਰ ਵਰਕ ਕਮਿਸ਼ਨ BOOT ਦੇ ਉਦੇਸ਼ਾਂ ਲਈ ਇਕਰਾਰਨਾਮੇ ਦਾ ਮੁਲਾਂਕਣ ਕਰੇਗਾ। BOOT "ਬੈਟਰ ਔਫ ਓਵਰਆਲ ਟੈਸਟ" ਹੈ। ਸੰਖੇਪ ਵਿੱਚ, ਫੇਅਰ ਵਰਕ ਕਮਿਸ਼ਨ (FWC) ਦੁਆਰਾ ਇਸਦੀ ਮਨਜ਼ੂਰੀ ਦਾ ਮੁਲਾਂਕਣ ਕਰਨ ਦੇ ਸਮੇਂ ਅਵਾਰਡ ਦੀ ਤੁਲਨਾ ਵਿੱਚ ਇਕਰਾਰਨਾਮੇ ਤੋਂ ਸਮੁੱਚੇ ਤੌਰ ਉਤੇ ਬਿਹਤਰ ਹੋਣਾ ਚਾਹੀਦਾ ਹੈ। BOOT ਮੌਜੂਦਾ ਐਂਟਰਪ੍ਰਾਈਜ਼ ਇਕਰਾਰਨਾਮੇ ਦੇ ਵਿਰੁੱਧ ਨਹੀਂ ਕੀਤਾ ਜਾਂਦਾ ਹੈ; **ਇਸ ਲਿੰਕ ਰਾਹੀਂ ਉਪਲਬਧ ਹੈ Link** ਅਤੇ

b) ਸੰਖੇਪ ਪੋਸਟਰ – ਇਸ ਦਸਤਾਵੇਜ਼ ਵਿੱਚ ਇਕਰਾਰਨਾਮੇ ਵਿੱਚ ਕੀਤੀਆਂ ਮੁੱਖ ਤਬਦੀਲੀਆਂ ਦਾ ਸੰਖੇਪ ਸਾਰਾਂਸ਼ ਸ਼ਾਮਲ ਹੈ। **ਇਸ ਲਿੰਕ ਰਾਹੀਂ ਉਪਲਬਧ ਹੈ Link**

ਕਿਰਪਾ ਕਰਕੇ ਇਸ ਪੱਤਰ ਦੇ ਅੰਤ ਵਿੱਚ ਅਵਾਰਡ ਅਤੇ ਇਕਰਾਰਨਾਮੇ ਵਿੱਚ ਦਰਸਾਏ ਹੋਰ ਸੰਬੰਧਿਤ ਕਾਨੂੰਨਾਂ ਦੇ ਲਿੰਕ ਵੇਖੋ।

## 4. ਮਤਦਾਨ

ਅਸੀਂ ਇਹ ਨਿਰਧਾਰਤ ਕਰਨ ਲਈ ਕਿ ਕੀ ਕਰਮਚਾਰੀ ਇਕਰਾਰਨਾਮੇ ਨੂੰ ਮਨਜ਼ੂਰੀ ਦਿੰਦੇ ਹਨ, ਇੱਕ ਗੁਪਤ ਮਤਦਾਨ ਕਰਵਾਉਣ ਲਈ ਗੁਪਤ ਅਤੇ ਸੁਤੰਤਰ ਵੋਟਿੰਗ ਅਤੇ ਸਰਵੇਖਣਾਂ (CIVS) ਨੂੰ ਸ਼ਾਮਲ ਕੀਤਾ ਹੈ। ਸੰਖੇਪ ਵਿੱਚ, ਤੁਸੀਂ ਔਨਲਾਈਨ, SMS ਅਤੇ ਫ਼ੋਨ ਰਾਹੀਂ ਵੋਟ ਪਾਉਣ ਦੇ ਯੋਗ ਹੋਵੋਗੇ। ਤੁਸੀਂ ਕਿਵੇਂ ਅਤੇ ਕਦੋਂ ਵੋਟ ਪਾ ਸਕਦੇ ਹੋ, ਇਸ ਬਾਰੇ CIVS ਦੁਆਰਾ ਪ੍ਰਦਾਨ ਕੀਤੀ ਗਈ ਵਿਸਤ੍ਰਿਤ ਜਾਣਕਾਰੀ ਤੱਕ ਪਹੁੰਚ ਇਸ ਲਿੰਕ ਰਾਹੀਂ ਕੀਤੀ ਜਾ ਸਕਦੀ ਹੈ; **Link**

ਮਤਦਾਨ **ਮੰਗਲਵਾਰ 17 ਅਕਤੂਬਰ ਨੂੰ ਸਵੇਰੇ 5 ਵਜੇ ਸ਼ੁਰੂ ਹੋਣਗੇ (ਖੁੱਲਣਗੇ)** ਅਤੇ ਸਮਾਪਤ ਹੋਣਗੇ **ਵੀਰਵਾਰ 19 ਅਕਤੂਬਰ ਨੂੰ ਸ਼ਾਮ 4 ਵਜੇ (ਖ਼ਤਮ)।** ਅਸੀਂ ਉਮੀਦ ਕਰਦੇ ਹਾਂ ਕਿ ਮਤਦਾਨ ਦੇ ਖਤਮ ਹੋਣ ਦੇਥੋੜੀ ਦੇਰ ਵਿੱਚ ਹੀ ਸਾਨੂ ਵੋਟ ਦੇ ਨਤੀਜੇ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਅਸੀਂ ਤੁਹਾਨੂੰ ਨਤੀਜਿਆਂ ਬਾਰੇ ਸੂਚਿਤ ਕਰਾਂਗੇ।

### 5. ਫੇਅਰ ਵਰਕ ਕਮਿਸ਼ਨ

ਜੇ ਇਕਰਾਰਨਾਮੇ ਨੂੰ ਵੋਟ ਪਾਉਣ ਵਾਲੇ ਜ਼ਿਆਦਾਤਰ ਕਰਮਚਾਰੀਆਂ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਇਹ FWC ਕੋਲ ਮਨਜ਼ੂਰੀ ਮੰਗਣ ਵਾਲੀ ਅਰਜ਼ੀ ਦੇ ਨਾਲ ਦਾਇਰ ਕੀਤਾ ਜਾਵੇਗਾ। ਜੇ ਇਕਰਾਰਨਾਮੇ ਨੂੰ FWC ਦੁਆਰਾ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਇਹ ਮਨਜ਼ੂਰੀ ਦੇ ਦਿਨ ਤੋਂ 7 ਦਿਨਾਂ ਬਾਅਦ ਕਾਰਜਸ਼ੀਲ ਹੋ ਜਾਵੇਗਾ।

ਜੇ ਤੁਹਾਡੇ ਕੋਲ ਇਸ ਪੱਤਰ ਵਿੱਚ ਸ਼ਾਮਲ ਕਿਸੇ ਵੀ ਚੀਜ਼ ਬਾਰੇ ਸਵਾਲ ਹਨ, ਜਾਂ ਤੁਹਾਡੇ ਕੋਲ ਇਕਰਾਰਨਾਮੇ ਦੇ ਸਬੰਧ ਵਿੱਚ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ HR ਨਾਲ ਸੰਪਰਕ ਕਰੋ।

ਸਾਰਾਹ ਵਿੱਲਡਰ
ਨੈਸ਼ਨਲ HR ਮੈਨੇਜਰ - ਬੇਰੀ ਸ਼੍ਰੇਣੀ

**ਉਚਿਤ ਦਸਤਾਵੇਜ਼ਾਂ ਦੇ ਲਿੰਕ**

**ਐਂਟਰਪ੍ਰਾਈਜ਼ ਇਕਰਾਰਨਾਮਾ:**

*Costa (ਬੇਰੀ ਸ਼੍ਰੇਣੀ) ਐਂਟਰਪ੍ਰਾਈਜ਼ ਇਕਰਾਰਨਾਮਾ 2019-2023*

**ਅਵਾਰਡ:**

*ਬਾਗਬਾਨੀ ਅਵਾਰਡ 2020*

**ਕਾਨੂੰਨ:**

- *ਫੇਅਰ ਵਰਕ ਐਕਟ 2009* (Cth) ਜਿਸ ਵਿੱਚ ਰਾਸ਼ਟਰੀ ਰੁਜ਼ਗਾਰ ਮਿਆਰ ਸ਼ਾਮਲ ਹਨ;
- *ਸੁਪਰਅਨੁਏਸ਼ਨ ਗਾਰੰਟੀ (ਐਡਮਿਨਿਸਟ੍ਰੇਸ਼ਨ) ਐਕਟ 1992 (Cth):*
- *ਅਪ੍ਰੈਂਟਿਸਸ਼ਿਪ ਅਤੇ ਟ੍ਰੇਨੀਸ਼ਿਪ ਐਕਟ 2001* (NSW);
- *ਐਜੂਕੇਸ਼ਨ ਅਤੇ ਟ੍ਰੇਨਿੰਗ ਰਿਫੋਰਮ ਐਕਟ 2006* (Vic);
- *ਦੱਖਣੀ ਆਸਟ੍ਰੇਲੀਆਈ ਸਕਿੱਲਸ ਐਕਟ 2008* (SA) (ਪਹਿਲਾਂ ਟ੍ਰੇਨਿੰਗ ਅਤੇ ਸਕਿੱਲਸ ਡਿਵੈਲਪਮੈਂਟ ਐਕਟ 2008 ਸੀ);
- *ਟ੍ਰੇਨਿੰਗ ਅਤੇ ਸਕਿੱਲਸ ਡਿਵੈਲਪਮੈਂਟ ਐਕਟ 2016* (NT);
- *ਟ੍ਰੇਨਿੰਗ ਅਤੇ ਤੀਸਰੀ ਸਿੱਖਿਆ ਐਕਟ 2003* (ACT);
- *ਟ੍ਰੇਨਿੰਗ ਅਤੇ ਕਾਰਜਬਲ ਡਿਵੈਲਪਮੈਂਟ ਐਕਟ 2013* (Tas);
- *ਵੋਕੇਸ਼ਨਲ ਐਜੂਕੇਸ਼ਨ ਅਤੇ ਟ੍ਰੇਨਿੰਗ ਐਕਟ 1996* (WA);
- *ਅੱਗੇ ਦੀ ਐਜੂਕੇਸ਼ਨ ਅਤੇ ਟ੍ਰੇਨਿੰਗ ਐਕਟ 2014* (Qld).